**I. ਕਾਲ ਕੀ ਹੁੰਦਾ ਹੈ?**

**ਉੱਤਰ** - ਕਾਲ ਅਰਥ ਹੈ 'ਸਮਾਂ'। ਸਮੇਂ ਦੇ ਭੇਦ ਕਰਕੇ ਕਿਰਿਆ ਜੋ ਵੱਖ-ਵੱਖ ਰੂਪ ਧਾਰਦੀ ਹੈ, ਵਿਆਕਰਨ ਵਿੱਚ ਉਨ੍ਹਾਂ ਨੂੰ ਕਿਰਿਆ ਦੇ ਕਾਲ ਕਿਹਾ ਜਾਂਦਾ ਹੈ।

**II. ਕਾਲ ਦੀਆਂ ਕਿਸਮਾਂ ਲਿਖੋ।**

**ਉੱਤਰ** - ਕਾਲ ਤਿੰਨ ਪ੍ਰਕਾਰ ਦੇ ਹੁੰਦੇ ਹਨ -

**(ੳ) ਵਰਤਮਾਨ-ਕਾਲ** - ਜਦੋਂ ਕਿਰਿਆ ਦਾ ਕੰਮ ਹੁਣ ਦੇ ਸਮੇਂ ਵਿੱਚ ਹੋਵੇ, ਤਾਂ ਉਸ ਨੂੰ ਵਰਤਮਾਨ-ਕਾਲ ਕਿਹਾ ਜਾਂਦਾ ਹੈ।

ਜਿਵੇਂ - ਰਮਨ ਖੇਡਦਾ ਹੈ।

**(ਅ) ਭੂਤ-ਕਾਲ** - ਜਦੋਂ ਕਿਰਿਆ ਦਾ ਕੰਮ ਬੀਤ ਗਏ ਸਮੇਂ ਵਿੱਚ ਹੋਇਆ ਹੋਵੇ, ਉਸ ਸਮੇਂ ਨੂੰ ਭੂਤ-ਕਾਲ ਕਿਹਾ ਜਾਂਦਾ ਹੈ।

ਜਿਵੇਂ - ਰਮਨ ਖੇਡਦਾ ਸੀ।

**(ੲ) ਭਵਿਖਤ-ਕਾਲ** - ਜਦੋਂ ਕਿਰਿਆ ਦਾ ਕੰਮ ਆਉਣ ਵਾਲ਼ੇ ਸਮੇਂ ਵਿੱਚ ਹੋਣਾ ਹੋਵੇ, ਉਸ ਸਮੇਂ ਨੂੰ ਭਵਿਖਤ-ਕਾਲ ਆਖਿਆ ਜਾਂਦਾ ਹੈ।

ਜਿਵੇਂ - ਰਮਨ ਖੇਡੇਗਾ।

**III. ਹੇਠ ਦਿੱਤੇ ਵਾਕਾਂ ਦਾ ਵਾਕ ਦੇ ਸਾਹਮਣੇ ਲਿਖੇ ਅਨੁਸਾਰ ਕਾਲ ਬਦਲੋ -**

(1) ਅੱਜ ਸੰਤ ਜੀ ਜਲਧਾਰਾ ਕਰ ਰਹੇ ਹਨ।

**ਭਵਿਖਤ-ਕਾਲ -** ਅੱਜ ਸੰਤ ਜੀ ਜਲਧਾਰਾ ਕਰਨਗੇ।

(2) ਕੁੜੀਆਂ ਪੀਂਘਾਂ ਝੂਟਦੀਆਂ ਹਨ।

**ਭਵਿਖਤ-ਕਾਲ -** ਕੁੜੀਆਂ ਪੀਂਘਾਂ ਝੂਟਣਗੀਆਂ।

(3) ਉਹ ਆ ਰਿਹਾ ਏ। ਕੀ ਤੁਸੀਂ ਮਿਲ਼ਣਾ ਹੈ?

**ਭਵਿਖਤ-ਕਾਲ -** ਉਹ ਆ ਰਿਹਾ ਹੋਵੇਗਾ। ਕੀ ਤੁਸੀਂ ਉਸ ਨੂੰ ਮਿਲ਼ੋਗੇ?

(4) ਮੈਂ ਖੇਡਦਾ ਹਾਂ।

**ਭਵਿਖਤ-ਕਾਲ -** ਮੈਂ ਖੇਡਾਂਗਾ।

(5) ਮੁਲਕ ਮਾਹੀ ਦਾ ਵੱਸੇ, ਕੋਈ ਰੋਵੇ ਕੋਈ ਹੱਸੇ।

**ਭਵਿਖਤ-ਕਾਲ -** ਮੁਲਕ ਮਾਹੀ ਦਾ ਵੱਸੇਗਾ, ਕੋਈ ਰੋਵੇਗਾ ਕੋਈ ਹੱਸੇਗਾ।

(6) ਸੋਨੀਆ ਇੰਗਲੈਂਡ ਗਈ ਤੇ ਮੈਨੂੰ ਪੈੱਨ ਭੇਜਿਆ।

**ਭਵਿਖਤ-ਕਾਲ -** ਸੋਨੀਆ ਇੰਗਲੈਂਡ ਜਾਵੇਗੀ ਤੇ ਮੈਨੂੰ ਪੈੱਨ ਭੇਜੇਗੀ।

(7) ਮਾਸਟਰ ਜੀ ਨੇ ਇਹ ਪਾਠ ਕੱਲ੍ਹ ਪੜ੍ਹਾਇਆ ਸੀ।

**ਭਵਿਖਤ-ਕਾਲ -** ਮਾਸਟਰ ਜੀ ਇਹ ਪਾਠ ਕੱਲ੍ਹ ਪੜ੍ਹਾਉਣਗੇ।

(8) ਕਈ ਲੋਕ ਚੰਗਾ ਖਾਂਦੇ ਹਨ, ਪਰ ਮੰਦਾ ਬੋਲਦੇ ਹਨ।

(9) ਖਿਡਾਰੀ ਆਪਣੇ ਸਾਥੀਆਂ ਨਾਲ਼ ਖੇਡ ਰਹੇ ਹਨ।

**ਭਵਿਖਤ-ਕਾਲ -** ਖਿਡਾਰੀ ਆਪਣੇ ਸਾਥੀਆਂ ਨਾਲ਼ ਖੇਡ ਰਹੇ ਹੋਣਗੇ।

(10) ਕਿਸਾਨ ਖੇਤ ਵਿੱਚ ਹਲ ਵਾਹ ਰਿਹਾ ਹੈ।

**ਭਵਿਖਤ-ਕਾਲ -** ਕਿਸਾਨ ਖੇਤ ਵਿੱਚ ਹਲ ਵਾਹ ਰਿਹਾ ਹੋਵੇਗਾ।

(11) ਬਚਨ ਸਿੰਘ ਦਾ ਹੋਣਹਾਰ ਮੁੰਡਾ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕਰ ਰਿਹਾ ਹੈ?

**ਭਵਿਖਤ-ਕਾਲ -** ਬਚਨ ਸਿੰਘ ਦਾ ਹੋਣਹਾਰ ਮੁੰਡਾ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕਰੇਗਾ।

(12) ਜਪਲੀਨ ਬਹੁਤ ਹੋਣਹਾਰ ਮੁੰਡਾ ਹੈ।

**ਭਵਿਖਤ-ਕਾਲ -** ਜਪਲੀਨ ਬਹੁਤ ਹੋਣਹਾਰ ਮੁੰਡਾ ਹੋਵੇਗਾ।

(13) ਰਸਲੀਨ ਹਰਮਨ-ਪਿਆਰੀ ਵਿਦਿਆਰਥਣ ਹੈ।

**ਭਵਿਖਤ-ਕਾਲ -** ਰਸਲੀਨ ਹਰਮਨ-ਪਿਆਰੀ ਵਿਦਿਆਰਥਣ ਹੋਵੇਗੀ।

(14) ਚੰਗੇ ਵਿਦਿਆਰਥੀ ਲਗਨ ਨਾਲ਼ ਪੜ੍ਹਦੇ ਹਨ।

**ਭਵਿਖਤ-ਕਾਲ -** ਚੰਗੇ ਵਿਦਿਆਰਥੀ ਲਗਨ ਨਾਲ਼ ਪੜ੍ਹਨਗੇ।

(15) ਅਸੀਂ ਉਸ ਪਿੰਡ ਵਿੱਚ ਰਹਿੰਦੇ ਹਾਂ।

**ਭੂਤ-ਕਾਲ -** ਅਸੀਂ ਉਸ ਪਿੰਡ ਵਿੱਚ ਰਹਿੰਦੇ ਸਾਂ।

(16) ਅੱਜ ਮੀਂਹ ਬੜੇ ਜ਼ੋਰ ਦਾ ਪੈ ਰਿਹਾ ਹੈ।

**ਭੂਤ-ਕਾਲ -** ਅੱਜ ਮੀਂਹ ਬੜੇ ਜ਼ੋਰ ਦਾ ਪੈ ਰਿਹਾ ਸੀ।

(17) ਜੇ ਤੁਸੀਂ ਬੁਲਾਉਗੇ ਹੀ ਨਹੀਂ, ਤਾਂ ਉਹ ਕਿਸ ਤਰ੍ਹਾਂ ਆਏਗਾ?

**ਭੂਤ-ਕਾਲ -** ਜੇ ਤੁਸੀਂ ਬੁਲਾਉਣਾ ਹੀ ਨਹੀਂ ਸੀ, ਤਾਂ ਉਸ ਨੇ ਕਿਸ ਤਰ੍ਹਾਂ ਆਉਣਾ ਸੀ?

(18) ਮੈਂ ਉਡੀਕ ਕਰਾਂਗਾ। ਤੁਸੀਂ ਕਦੋਂ ਆਉਗੇ?

**ਭੂਤ-ਕਾਲ -** ਮੈਂ ਉਡੀਕ ਕੀਤੀ। ਤੁਸੀਂ ਕਦੋਂ ਆਏ?

(19) ਘਰ-ਘਰ ਦੀਵਾਲ਼ੀ ਮਨਾਈ ਜਾਵੇਗੀ ।

**ਭੂਤ-ਕਾਲ -** ਘਰ-ਘਰ ਦੀਵਾਲ਼ੀ ਮਨਾਈ ਜਾਂਦੀ ਸੀ।

(20) ਮਨੋਜ ਪਹਿਲੇ ਦਰਜੇ ’ਤੇ ਆਵੇਗਾ ਤੇ ਇਨਾਮ ਜਿੱਤੇਗਾ।

**ਭੂਤ-ਕਾਲ -** ਮਨੋਜ ਪਹਿਲੇ ਦਰਜੇ ’ਤੇ ਆਇਆ ਤੇ ਉਸਨੇ ਇਨਾਮ ਜਿੱਤਿਆ।

(21) ਮੈਥੋਂ ਮੰਦਾ ਬੋਲਿਆ ਜਾਂਦਾ ਹੈ।

**ਭੂਤ-ਕਾਲ -** ਮੈਥੋਂ ਮੰਦਾ ਬੋਲਿਆ ਜਾਂਦਾ ਸੀ।

(22) ਆਸ਼ੀਆ ਪਹਿਲੇ ਦਰਜੇ ’ਤੇ ਆਵੇਗੀ।

**ਭੂਤ-ਕਾਲ -** ਆਸ਼ੀਆ ਪਹਿਲੇ ਦਰਜੇ ’ਤੇ ਆਈ।

(23) ਉਹ ਬਾਗ਼ ਵਿੱਚ ਸੈਰ ਕਰ ਰਹੇ ਹੋਣਗੇ।

**ਭੂਤ-ਕਾਲ -** ਉਹ ਬਾਗ਼ ਵਿੱਚ ਸੈਰ ਕਰ ਰਹੇ ਸਨ।

(24) ਨੇਤਾ ਜੀ ਮੰਚ ਉੱਤੇ ਭਾਸ਼ਨ ਦੇ ਰਹੇ ਹਨ ਤੇ ਸਰੋਤੇ ਊਂਘ ਰਹੇ ਹਨ।

**ਭੂਤ-ਕਾਲ -** ਨੇਤਾ ਜੀ ਮੰਚ ਉੱਤੇ ਭਾਸ਼ਨ ਦੇ ਰਹੇ ਸਨ ਤੇ ਸਰੋਤੇ ਊਂਘ ਰਹੇ ਸਨ।

(25) ਪਰੀਖਿਆ ਹਾਲ ਵਿੱਚ ਵਿਦਿਆਰਥੀ ਪੇਪਰ ਦੇ ਰਹੇ ਹਨ।

**ਭੂਤ-ਕਾਲ -** ਪਰੀਖਿਆ ਹਾਲ ਵਿੱਚ ਵਿਦਿਆਰਥੀ ਪੇਪਰ ਦੇ ਰਹੇ ਸਨ।

(26) ਕਿਸਾਨ ਖੇਤਾਂ ਵਿੱਚ ਹਲ ਵਾਹ ਰਿਹਾ ਹੈ।

**ਭੂਤ-ਕਾਲ -** ਕਿਸਾਨ ਖੇਤਾਂ ਵਿੱਚ ਹਲ ਵਾਹ ਰਿਹਾ ਸੀ।

(27) ਪੰਛੀ ਸਵੇਰ ਵੇਲ਼ੇ ਚਹਿਚਹਾ ਰਹੇ ਹੋਣਗੇ।

**ਭੂਤ-ਕਾਲ -** ਪੰਛੀ ਸਵੇਰੇ ਵੇਲ਼ੇ ਚਹਿਚਹਾ ਰਹੇ ਸਨ।

(28) ਮੈਥੋਂ ਮੰਦਾ ਬੋਲਿਆ ਜਾਂਦਾ ਹੈ।

**ਭੂਤ-ਕਾਲ -** ਮੈਥੋਂ ਮੰਦਾ ਬੋਲਿਆ ਗਿਆ।

(29) ਰਾਸ਼ਟਰਪਤੀ ਜੀ ਦਾ ਭਾਸ਼ਣ ਟੀ. ਵੀ. ਰਾਹੀਂ ਪ੍ਰਸਾਰਤ ਹੋਵੇਗਾ।

**ਵਰਤਮਾਨ-ਕਾਲ -** ਰਾਸ਼ਟਰਪਤੀ ਜੀ ਦਾ ਭਾਸ਼ਣ ਟੀ. ਵੀ. ਰਾਹੀਂ ਪ੍ਰਸਾਰਤ ਹੁੰਦਾ ਹੈ।

(30) ਉਹ ਮੇਲਾ ਵੇਖਣ ਗਏ ਹੋਣਗੇ।

**ਵਰਤਮਾਨ-ਕਾਲ -** ਉਹ ਮੇਲਾ ਵੇਖਣ ਗਏ ਹਨ।

(31) ਨੇਤਾ ਜੀ ਨੇ ਮੰਚ ’ਤੇ ਭਾਸ਼ਨ ਦਿੱਤਾ ਸੀ।

**ਵਰਤਮਾਨ-ਕਾਲ -** ਨੇਤਾ ਜੀ ਨੇ ਮੰਚ ’ਤੇ ਭਾਸ਼ਨ ਦਿੱਤਾ ਹੈ।

(32) ਮੈਨੂੰ ਉਮੀਦ ਸੀ ਕਿ ਉਨ੍ਹਾਂ ਜ਼ਰੂਰ ਮੈਚ ਵੇਖਿਆ ਹੋਵੇਗਾ।

**ਵਰਤਮਾਨ-ਕਾਲ -** ਮੈਨੂੰ ਉਮੀਦ ਹੈ ਕਿ ਉਨ੍ਹਾਂ ਨੇ ਜ਼ਰੂਰ ਮੈਚ ਦੇਖਿਆ ਹੈ।

(33) ਸਾਡੇ ਬਜ਼ੁਰਗ ਲੱਸੀ ਪੀਂਦੇ ਤੇ ਗੁੜ ਖਾਂਦੇ ਹਨ।

**ਵਰਤਮਾਨ-ਕਾਲ -** ਸਾਡੇ ਬਜ਼ੁਰਗ ਲੱਸੀ ਪੀਂਦੇ ਤੇ ਗੁੜ ਖਾਂਦੇ ਹਨ।

(34) ਲੱਕੀ ਤੇ ਨੀਰਜ ਮੈਚ ਵੇਖਣ ਗਏ ਹੋਣਗੇ।

**ਵਰਤਮਾਨ-ਕਾਲ -** ਲੱਕੀ ਤੇ ਨੀਰਜ ਮੈਚ ਦੇਖਣ ਗਏ ਹਨ।

(35) ਉਹ ਕਬੱਡੀ ਖੇਡਣ ਗਏ ਹੋਣਗੇ।

**ਵਰਤਮਾਨ-ਕਾਲ -** ਉਹ ਕਬੱਡੀ ਖੇਡਣ ਗਏ ਹਨ।

(36) ਮਹੇਸ ਚਿੱਠੀ ਲਿਖੇਗਾ।

**ਵਰਤਮਾਨ-ਕਾਲ -** ਮਹੇਸ ਚਿੱਠੀ ਲਿਖਦਾ ਹੈ।

(37) ਅਸੀਂ ਸਾਰੇ ਪਰਿਵਾਰ ਦੇ ਮੈਂਬਰ ਮੇਲੇ ਜਾਵਾਂਗੇ।

**ਵਰਤਮਾਨ-ਕਾਲ -** ਅਸੀਂ ਸਾਰੇ ਪਰਿਵਾਰ ਦੇ ਮੈਂਬਰ ਮੇਲੇ ਜਾਂਦੇ ਹਾਂ।

(38) ਮਨਜੀਤ ਸੁਨੀਤਾ ਨੂੰ ਸਮਝਾ ਰਹੀ ਸੀ।

**ਵਰਤਮਾਨ-ਕਾਲ -** ਮਨਜੀਤ ਸੁਨੀਤਾ ਨੂੰ ਸਮਝਾ ਰਹੀ ਹੈ।

(39) ਅੱਜ ਬੜੇ ਜ਼ੋਰ ਦਾ ਮੀਂਹ ਪੈ ਰਿਹਾ ਸੀ।

**ਵਰਤਮਾਨ-ਕਾਲ -** ਅੱਜ ਬੜੇ ਜ਼ੋਰ ਦਾ ਮੀਂਹ ਪੈ ਰਿਹਾ ਹੈ।

(40) ਮੁੱਖ ਅਧਿਆਪਕ ਜੀ ਭਾਸ਼ਣ ਦਿੰਦੇ ਸਨ।

**ਵਰਤਮਾਨ-ਕਾਲ -** ਮੁੱਖ ਅਧਿਆਪਕ ਜੀ ਭਾਸ਼ਣ ਦਿੰਦੇ ਹਨ।